# ਏਕਲੜੀ ਬਨ ਮਾਹੇ



## ਪ੍ਰਭੂ ਮਿਲਣ ਦੀ ਤਾਂਘ...

**ਧਰਮ ਪ੍ਰਚਾਰ ਕਮੇਟੀ**
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

# ਏਕਲੜੀ ਬਨ ਮਾਹੇ

*ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ॥*
*ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ॥*
*ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ॥*
*ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ॥*
*ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ॥*

*(ਗਉੜੀ ਛੰਤ ਮਹਲਾ ੧, ਪੰਨਾ ੨੪੩)*

ਗੁਰਬਾਣੀ ਅੰਦਰ ਇਸ (ਪਤੀ-ਪਤਨੀ) ਅਲੰਕਾਰ ਨੂੰ ਵਾਰ-ਵਾਰ ਵਰਤ ਕੇ ਮਨੁੱਖ-ਮਾਤਰ ਦੇ ਹਿਰਦੇ ਅੰਦਰ ਪ੍ਰਭੂ-ਪਿਆਰ ਦੀ ਲਗ ਲਾਈ ਅਤੇ ਇਸ ਨੂੰ ਉਤੇਜਿਤ ਕੀਤਾ ਹੈ। ਜਿਵੇਂ:

*ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥* *(ਪੰਨਾ ੨੪੪)*
*ਮੋਹਨ ਘਰਿ ਆਵਹੁ ਕਰਉ ਜੋਦਰੀਆ ॥*
*ਮਾਨੁ ਕਰਉ ਅਭਿਮਾਨੈ ਬੋਲਉ*
*ਭੂਲ ਚੂਕ ਤੇਰੀ ਪ੍ਰਿਅ ਚਿਰੀਆ ॥* *(ਪੰਨਾ ੧੨੦੯)*
*ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥*
*ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥* *(ਪੰਨਾ ੨੪੪)*
*ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ ॥*
*ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ ॥* *(ਪੰਨਾ ੧੪੨੧)*
*ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥*
*ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥*
*ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥*
*ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥* *(ਪੰਨਾ ੧੧੧੧)*

ਇਸੇ ਪ੍ਰਸੰਗ ਵਿਚ ਲੇਖ ਦੇ ਆਰੰਭ ਵਿਚ ਦਿੱਤਾ ਸ਼ਬਦ 'ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹਿ' ਉਚਾਰਨ ਹੋਇਆ ਹੈ। ਇਸ ਵਿਚ ਪ੍ਰਭੂ-ਪਤੀ ਦੀ ਵਿਯੋਗਣ ਇਕ ਇਕੱਲੜੀ ਘੋਰ ਬੀਆਬਾਨ ਅੰਦਰ ਪਤੀ ਦੀ ਟੋਲ ਕਰਦੀ ਕੁਰਲਾਉਂਦੀ ਤੇ ਵਾਸਤੇ ਪਾਉਂਦੀ ਹੋਈ ਕਹਿੰਦੀ ਹੈ, ਸੁਣ ਮੇਰੇ ਪ੍ਰਭੂ-ਪਤੀ ਜੀਉ, ਤੇਰੇ ਪਿਆਰ ਅੰਦਰ ਮੈਨੂੰ ਤੜਪਦੀ ਨੂੰ ਘਣੀਆਂ ਰਾਤਾਂ ਬੀਤ ਗਈਆਂ ਹਨ, ਹੁਣ ਤਾਂ ਮੇਰੀ ਨੀਂਦ ਵੀ ਹਰਾਮ ਹੋ ਗਈ ਹੈ। ਤੇਰੇ ਬਗੈਰ ਮੈਂ ਕਿਵੇਂ ਰਹਿ ਸਕਦੀ ਹਾਂ ਅਤੇ ਮੇਰਾ ਹਿਰਦਾ ਕਿਵੇਂ ਧੀਰਜ ਫੜ

ਸਕਦਾ ਹੈ। ਤੂੰ ਏਡਾ ਬੇਪਰਵਾਹ ਮਉਲਾ ਹੈਂ, ਤੈਨੂੰ ਕਿਸੇ ਦੀ ਕਾਣ ਨਹੀਂ ਪਰ ਮੇਰਾ ਤੇਰੇ ਬਿਨਾਂ ਝੱਟ ਨਹੀਂ ਲੰਘ ਸਕਦਾ। ਤੇਰੇ ਬਿਨਾਂ ਕੌਣ ਹੈ, ਜੋ ਮੇਰੀ ਸਾਰ ਲਵੇ। ਹੁਣ ਤੇਰੀ ਭਾਲ ਅੰਦਰ ਮੈਂ ਇਕ ਇਕੱਲੜੀ ਇਸ ਵਿਸ਼ਾਲ ਸੰਸਾਰ ਬੀਆਬਾਨ ਅੰਦਰ ਕੁਰਲਾਉਂਦੀ ਤੇ ਵਾਸਤੇ ਪਾਉਂਦੀ ਫਿਰਦੀ ਹਾਂ। ਜਿਵੇਂ ਵੀ ਹੁੰਦਾ ਹੈ ਮੇਰੀ ਬਹੁੜੀ ਕਰ।

ਇਹ ਸਾਰੇ ਅਲੰਕਾਰ ਵਰਣਨ ਹਨ, ਉਸ ਪ੍ਰਭੂ-ਪਿਆਰ ਦੇ, ਜਿਸ ਅੰਦਰ ਰੰਗਿਆ ਪ੍ਰਭੂ-ਭਗਤ ਉਸ ਦੇ ਪਿਆਰ ਵਿਚ ਬਿਹਬਲ ਹੋਇਆ ਆਪਣੀ ਦਸ਼ਾ ਇਉਂ ਦੱਸਦਾ ਹੈ:

*ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥*

*ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥* (ਪੰਨਾ ੭੨੮)

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪ੍ਰਭੂ-ਪਿਆਰ ਦੀ ਬਿਹਬਲਤਾ ਇਉਂ ਵੀ ਦਰਸਾਉਂਦੇ ਹਨ:

*ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥*

*ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥*

*ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥* (ਪੰਨਾ ੯੯੧)

ਸ਼ੇਖ਼ ਫਰੀਦ ਜੀ ਨੇ ਆਪਣੇ ਪ੍ਰਭੂ-ਪਿਆਰ ਨੂੰ ਇਉਂ ਗਾਇਆ ਸੀ:

*ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥*

*ਬਾਵਲਿ ਹੋਈ ਸੋ ਸਹੁ ਲੋਰਉ ॥* (ਪੰਨਾ ੭੯੪)

ਉਹ ਆਪਣੇ ਮਨ ਦੀ ਅਜਿਹੀ ਦਸ਼ਾ ਅੰਦਰ ਵਾਰ-ਵਾਰ ਕੂਕਦੀ ਕੋਇਲ ਨੂੰ ਪੁੱਛਦੇ ਹਨ 'ਕਾਲੀ ਕੋਇਲ ਤੂ ਕਿਤ ਗੁਨ ਕਾਲੀ' ਅਤੇ ਉਸ ਦਾ ਜਵਾਬ ਇਉਂ ਦੱਸਦੇ ਹਨ:

*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥* (ਪੰਨਾ ੭੯੪)

ਅਰਥਾਤ ਮੈਂ ਆਪਣੇ ਪਿਆਰੇ ਦੀ ਯਾਦ ਅੰਦਰ ਧੁਖ-ਧੁਖ ਕਾਲੀ ਹੋ ਗਈ ਹਾਂ। ਇਉਂ ਹੀ ਗੁਰਬਾਣੀ ਅੰਦਰ ਪ੍ਰਭੂ-ਪਿਆਰ ਦੇ ਪ੍ਰੋਤਿਆਂ ਨੂੰ ਨਿਗੁਣੇ ਜਿਹੇ ਜੀਵਾਂ ਦੇ ਸੁਭਾਵਕ ਵਿਹਾਰ ਨਾਲ ਤੁਲਨਾ ਦੇਂਦੇ ਹੋਏ ਦੱਸਿਆ ਹੈ ਕਿ ਜਿਵੇਂ ਮੱਛੀ ਦੀ ਜਿੰਦ-ਜਾਨ ਪਾਣੀ ਹੈ, ਜਿਸ ਤੋਂ ਵਿਛੁੜ ਕੇ ਉਹ ਤੜਫ-ਤੜਫ ਮਰ ਜਾਂਦੀ ਹੈ, ਜਿਵੇਂ ਲੱਖ ਪਾਣੀ ਹੁੰਦਿਆਂ ਵੀ ਚਾਤ੍ਰਿਕ ਦੀ ਤ੍ਰਿਪਤੀ ਸ੍ਵਾਂਤੀ ਬੂੰਦ ਬਿਨਾਂ ਨਹੀਂ ਹੁੰਦੀ, ਜਿਵੇਂ ਘੰਡੇ-ਹੇੜੇ ਰਾਗ ਦਾ ਵਿੰਨ੍ਹਿਆ ਹੋਇਆ ਹਿਰਨ ਇਸ ਗੱਲ ਦੀ ਪ੍ਰਵਾਹ ਨਾ ਕਰਦਾ ਹੋਇਆ ਕਿ ਉਹ ਫੜਿਆ ਜਾਵੇਗਾ, ਜਿਸ ਤਰਫੋਂ ਸੁਰੀਲੀ ਸਰੋਦ (ਆਵਾਜ਼) ਕੰਨੀਂ ਪੈ ਰਹੀ ਹੁੰਦੀ ਹੈ, ਉਧਰ ਨੂੰ ਨੱਸਦਾ ਹੈ ਜਾਂ ਜਿਵੇਂ ਫੁੱਲ ਦੀ ਸੁਗੰਧੀ ਦੀ ਮਸਤੀ ਵਿਚ ਭੌਰਾ ਉਸ ਦੀਆਂ ਪੱਖੜੀਆਂ ਵਿਚ ਘੁੱਟਿਆ ਜਾ ਕੇ ਜਾਨ ਗਵਾ ਲੈਂਦਾ ਹੈ, ਇਉਂ ਪ੍ਰਭੂ-ਪਿਆਰਿਆਂ ਦੀ ਉਸ ਦੇ ਦਰਸ਼ਨ ਬਿਨਾਂ ਤ੍ਰਿਪਤੀ ਨਹੀਂ ਹੁੰਦੀ:

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*

*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*

*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*

*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*

*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥* (ਪੰਨਾ ੭੦੮)

ਪ੍ਰੰਤੂ ਉਸ ਹਰੀ-ਪ੍ਰੀਤਮ ਜਿਸ ਦੇ ਦਰਸ਼ਨ ਬਿਨਾਂ ਸੰਤ-ਜਨਾਂ ਨੂੰ ਰੱਜ (ਤ੍ਰਿਪਤੀ) ਨਹੀਂ ਹੁੰਦੀ, ਦਾ ਤਾਂ ਕੋਈ ਆਕਾਰ (ਸਰੀਰ) ਨਹੀਂ, ਉਸ ਨੂੰ ਨਿਰੰਕਾਰ (ਨਿਰ-ਆਕਾਰ) ਕਿਹਾ ਜਾਂਦਾ ਹੈ ਤਾਂ ਉਸ ਦੇ ਦਰਸ਼ਨ ਦਾ ਕੀ ਭਾਵ ਹੋਇਆ ਅਤੇ ਉਸ ਨੂੰ ਜੰਗਲਾਂ-ਬੀਆਬਾਨਾਂ ਅੰਦਰ 'ਏਕਲੜੀ ਬਨ ਮਾਹੇ' ਟੋਲਦੇ ਫਿਰਨ ਦੇ ਕੀ ਅਰਥ ਹੋਏ। ਸ਼ੇਖ ਫਰੀਦ ਜੀ ਵੀ ਜੰਗਲਾਂ-ਬੀਆਬਾਨਾਂ ਅੰਦਰ ਆਪਣੇ ਪਿਆਰੇ ਨੂੰ ਟੋਲਦੇ ਫਿਰੇ, ਜਦੋਂ ਉਨ੍ਹਾਂ ਨੂੰ ਸਮਝ ਆਈ ਤਾਂ ਉਨ੍ਹਾਂ ਕਿਹਾ ਕਿ:

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥* (ਪੰਨਾ ੧੩੭੮)

ਅਜਿਹੀ ਗੱਲ ਹੀ ਉਸ ਨਾਰ ਨਾਲ ਹੋਈ ਜੋ 'ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ' ਦੇ ਵਾਸਤੇ ਪਾ ਰਹੀ ਸੀ। ਉਸ ਵਿਲ੍ਹਕਦੀ ਤੇ ਤੜਫਦੀ ਨਾਰ ਦੇ ਕੰਨੀਂ ਆਵਾਜ਼ ਪੈਂਦੀ ਹੈ:

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥* (ਪੰਨਾ ੪੪੧)

ਸੋ ਉਸ ਨੇ ਅਤਿ ਅਚੰਭਤ ਹੋ ਏਧਰ-ਓਧਰ ਤੱਕਣਾ ਸ਼ੁਰੂ ਕੀਤਾ ਅਤੇ 'ਹਰਿ ਜੀ ਤੇਰੈ ਨਾਲਿ ਹੈ' ਨੇ ਵਧੇਰੇ ਪਰੇਸ਼ਾਨ ਕੀਤਾ। ਇਸ ਨੂੰ ਸੁੱਝਦਾ ਨਹੀਂ ਕਿ ਉਸ ਹਰੀ ਜੀ ਦੀ ਟੋਲ ਕਿਥੇ ਕਰੇ? ਜੇ ਉਹ ਨਾਲ ਹੈ ਤਾਂ ਦਿਸਦਾ ਕਿਉਂ ਨਹੀਂ, ਤਾਂ ਤੀਜਾ ਬੋਲ ਇਉਂ ਹੋਇਆ:

*ਜਾ ਜਾਪੈ ਕਿਛੁ ਕਿਥਾਊ ਨਾਹੀ ॥*
*ਤਾ ਕਰਤਾ ਭਰਪੂਰਿ ਸਮਾਹੀ ॥* (ਪੰਨਾ ੧੦੭੦)

ਨਾਰ, ਜੋ ਪ੍ਰਾਣ-ਪਿਆਰੇ ਦੇ ਵਿਯੋਗ ਵਿਚ ਬਿਹਬਲ ਹੋ ਚੁੱਕੀ ਸੀ, ਦੇ ਕੰਨੀਂ ਪਈ ਆਕਾਸ਼-ਬਾਣੀ ਨੇ ਉਸ ਨੂੰ ਤਿੰਨ ਗੱਲਾਂ ਨਿਸਚੇ ਕਰਵਾਈਆਂ:

ਪਹਿਲੀ ਕਿ ਤੂੰ ਇਸ ਸੰਸਾਰ ਰੂਪੀ ਵਿਸ਼ਾਲ ਬੀਆਬਾਨ ਅੰਦਰ ਜਿਸ ਸਰੀਰ ਕਰਕੇ ਆਪਣੇ ਨਾਹ (ਪਤੀ) ਤੋਂ ਵਿਛੜੀ ਪ੍ਰਤੀਤ ਕਰਦੀ ਹੈਂ, ਤੂੰ ਇਹ ਸਰੀਰ ਨਹੀਂ ਬਲਕਿ ਤੂੰ ਜੋਤਿ ਹੈਂ।

ਦੂਜੀ ਕਿ ਤੇਰੀ ਇਹ ਜੋਤਿ ਜਿਸ ਦੀ ਮਹਾਨ ਜੋਤਿ ਦਾ ਤੂੰ ਨੰਨ੍ਹਾ ਜਿਹਾ ਅੰਸ਼ ਹੈਂ ਉਹ ਜੋਤਿ ਸਦਾ ਤੇਰੇ ਨਾਲ ਹੈ।

ਤੀਜੀ ਕਿ ਜਿਹੜੀ ਜੋਤਿ ਦਾ ਤੂੰ ਅੰਸ਼ ਹੈਂ ਅਤੇ ਜੋ ਹਮੇਸ਼ਾਂ ਤੇਰੇ ਨਾਲ ਰਹਿੰਦੀ ਹੈ, ਉਹ ਸਾਰੀ ਰਚਨਾ ਅੰਦਰ ਭਰਪੂਰ ਤੇ ਇਕ ਸਾਰ ਰਮੀ ਹੋਈ ਹੈ।

ਤਾਂ ਜੇ ਤੇਰੇ ਅੰਦਰ ਦੀ, ਤੇਰੇ ਨਾਲ ਵਿਚਰਦੀ ਅਤੇ ਸਮੁੱਚੀ ਰਚਨਾ ਅੰਦਰ ਰਮੀ ਇਕੋ ਇਕ ਜੋਤਿ ਹੈ ਤਾਂ ਵਿਛੋੜਾ ਕਿਸ ਤੋਂ ਅਤੇ ਮੇਲ ਕਿਸ ਨਾਲ। ਇਹ ਤਾਂ ਕੇਵਲ ਆਪਣਾ ਅਸਲਾ ਪਛਾਣ ਲੈਣ ਦੀ ਗੱਲ ਹੈ (ਅਪਣਾ ਮੂਲੁ ਪਛਾਣੁ) ਜੇ ਤੂੰ ਇਹ ਨਿਸਚੇ ਕਰ ਲਵੇਂ ਕਿ:

*ਸਰਬ ਜੋਤਿ ਤੇਰੀ ਪਸਰਿ ਰਹੀ ॥*

*ਜਹ ਜਹ ਦੇਖਾ ਤਹ ਨਰਹਰੀ ॥* (ਪੰਨਾ ੮੨੬)

ਤਾਂ ਆਪਣਾ ਕੌਣ ਤੇ ਪਰਾਇਆ ਕੌਣ, ਸੱਜਣ ਕੌਣ ਤੇ ਦੁਸ਼ਮਣ ਕੌਣ? 'ਏਕੋ ਹੈ ਭਾਈ ਏਕੋ ਹੈ' ਪਰ ਜੇ ਉਹ ਸਾਡੇ ਨਾਲ ਹੈ ਅਤੇ ਸਭ ਥਾਈਂ ਹੈ ਤਾਂ ਉਹ ਦਿਸਦਾ ਕਿਉਂ ਨਹੀਂ? ਇਸ ਦਾ ਜਵਾਬ ਗੁਰਬਾਣੀ ਵਿਚੋਂ ਇਉਂ ਵੀ ਲੱਭਦਾ ਹੈ:

*ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥*
*ਨਾਨਕ ਸੇ ਅਖੜੀਆਂ ਬਿਅੰਨਿ*
*ਜਿਨੀ ਡਿਸੰਦੋ ਮਾ ਪਿਰੀ ॥* (ਪੰਨਾ ੫੭੭)

ਉਹ ਅੱਖੀਆਂ ਹੋਰ ਹਨ, ਜਿਨ੍ਹਾਂ ਨਾਲ ਉਸ ਪਿਰ ਦੇ ਦਰਸ਼ਨ ਹੁੰਦੇ ਹਨ, ਸਾਡੀਆਂ ਸਰੀਰਕ ਅੱਖਾਂ ਸਰੀਰਕ ਹੋਂਦ ਨੂੰ ਹੀ ਦੇਖ ਸਕਦੀਆਂ ਹਨ। ਨਿਰੰਕਾਰ ਦਾ ਕੋਈ ਸਰੀਰ ਨਹੀਂ। ਦੁਨੀਆਂ ਵਿਚ ਸਾਰੇ ਸਰੀਰ ਭਾਵੇਂ ਇਹ ਮਨੁੱਖ ਦਾ ਹੈ, ਪਸ਼ੂ-ਪੰਛੀ, ਬਨਾਸਪਤੀ ਜਾਂ ਜਲ-ਜੀਵ ਦਾ ਹੈ, ਸਾਰੇ ਪੰਜ ਤੱਤ (ਹਵਾ, ਪਾਣੀ, ਅਗਨੀ ਆਦਿ) ਤੋਂ ਬਣਦੇ ਹਨ, ਜੋ ਤੱਤ ਸਰੀਰ ਬਿਨਸਨ ਨਾਲ ਆਪੋ ਆਪਣੇ ਤੱਤ ਅੰਦਰ ਸਮਾ ਜਾਂਦੇ ਹਨ ਪ੍ਰੰਤੂ ਨਿਰੰਕਾਰ 'ਅਭੰਗੀ ਬਿਭੂਤੇ' ਹੈ। ਅਥਵਾ ਉਸ ਦੀ ਬਿਭੂਤੀ ਜਾਂ ਤੱਤ ਨਾਸ਼ ਰਹਿਤ ਹਨ, ਇਸੇ ਲਈ ਇਸੇ ਦੀ ਹੋਂਦ ਤ੍ਰੈ-ਕਾਲੀ (ਭੂਤ, ਭਵਿੱਖ, ਵਰਤਮਾਨ) ਰਹਿਣ ਵਾਲੀ ਹੈ ਅਤੇ ਇਹ ਜਨਮ-ਮਰਨ ਵਿਚ ਨਹੀਂ, ਨਾ ਉਸ ਦੇ ਕੋਈ ਮਾਤਾ ਪਿਤਾ ਹਨ:

*ਤਾਤ ਮਾਤ ਨ ਜਾਤ ਜਾ ਕਰ ਜਨਮ ਮਰਨ ਬਿਹੀਨ॥* (ਜਾਪੁ ਸਾਹਿਬ)

ਤਾਂ ਅਜਿਹੇ ਨਿਰੰਕਾਰ ਨੂੰ ਜਾਣਿਆ ਕਿਵੇਂ ਜਾਵੇ, ਉਸ ਦੀ ਸੂਝ ਕਿਵੇਂ ਪਵੇ? ਗੁਰਬਾਣੀ ਉਸ ਦਾ ਗੁਣ ਨਿਧਾਨ ਹੋਣਾ ਨਿਸਚੇ ਕਰਾਉਂਦੀ ਹੈ। ਉਹ ਗੁਣਾਂ ਦਾ ਭੰਡਾਰ ਹੈ ਜਾਂ ਗੁਣ ਸਰੂਪ (Quality Personified) ਹੈ। ਉਸ ਦੇ ਸਾਰੇ ਗੁਣਾਂ ਦਾ ਵਰਣਨ ਮਨੁੱਖ ਦੀ ਸਮਰੱਥਾ ਤੋਂ ਬਾਹਰ ਹੈ, ਉਸ ਵੱਲੋਂ ਕੀਤੇ ਜਾਂਦੇ ਕਰਮਾਂ ਨੂੰ ਵੇਖ ਕੇ ਉਸ ਦੇ ਨਾਮ ਧਰੇ ਗਏ ਹਨ:

*ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥* (ਜਾਪੁ ਸਾਹਿਬ)

ਭਾਵੇਂ ਜਾਪੁ ਸਾਹਿਬ ਅੰਦਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਉਸ ਦੇ ਕਿਤਨੇ ਹੀ ਕਰਮ ਨਾਮ ਕਥੇ ਹਨ ਪਰ ਫਿਰ ਵੀ:

*ਤਵ ਸਰਬ ਨਾਮ ਕਥੈ ਕਵਨ ...॥*

ਹੀ ਕਿਹਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ:

*ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ*
*ਤੂ ਸਾਹਿਬ ਗੁਣੀ ਨਿਧਾਨਾ ॥* (ਪੰਨਾ ੭੩੫)

ਗੁਰਮਤਿ ਅਨੁਸਾਰ ਐਸੇ 'ਸਾਹਿਬ ਗੁਣੀ ਨਿਧਾਨਾ' ਦੇ ਗੁਣ ਗਾਉਣਾ ਅਤੇ ਉਨ੍ਹਾਂ ਦਾ ਵਿਚਾਰ ਕਰਨਾ ਹੀ ਉਸ ਦੇ ਦਰ 'ਤੇ ਪ੍ਰਵਾਨ ਪੈਣ ਅਤੇ ਉਸ ਦਾ ਪਿਆਰ ਜਿੱਤਣ ਦਾ ਇਕੋ ਇਕ ਸਾਧਨ ਹੈ। ਜਪੁ ਜੀ ਸਾਹਿਬ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦੋ ਪ੍ਰਸ਼ਨ ਕਰਦੇ ਹਨ:

*ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥*

*ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥* (ਪੰਨਾ ੨)

ਅਤੇ ਇਸੇ ਇਸ਼ਾਰੇ ਦਾ ਉੱਤਰ ਭੀ ਉਨ੍ਹਾਂ ਨਾਲ ਹੀ ਦੇ ਦਿੱਤਾ ਹੈ:

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥* (ਉਹੀ)

*ਗਾਵੀਐ ਸੁਣੀਐ ਮਨਿ ਰਖੀਐ ਭਾਉ॥* (ਉਹੀ)

ਉਸ ਨੂੰ ਗਾਵੀਏ ਮਨ ਅੰਦਰ ਭਾਉ (ਪਿਆਰ) ਰੱਖ ਕੇ, ਪਿਆਰ ਹਮੇਸ਼ਾਂ ਦੁਵੱਲਾ ਹੁੰਦਾ ਹੈ- ਕਿਸੇ ਦਾ ਪਿਆਰ ਲੈਣ ਲਈ ਪਹਿਲੇ ਪਿਆਰ ਦੇਣਾ ਬਣਦਾ ਹੈ, ਜਿਸ ਨੂੰ ਅਸੀਂ ਚਾਹੁੰਦੇ ਹੋਈਏ ਕਿ ਉਹ ਸਾਡੇ ਨਾਲ ਪਿਆਰ ਕਰੇ ਤਾਂ ਜ਼ਰੂਰੀ ਹੈ ਕਿ ਅਸੀਂ ਉਸ ਨਾਲ ਪਿਆਰ ਕਰੀਏ। ਸਾਡੇ ਪਿਆਰ ਦੀ ਖਿੱਚ ਉਸ ਨੂੰ ਸਾਡੇ ਨੇੜੇ ਲਿਆਵੇਗੀ ਅਤੇ ਜਿੰਨਾ ਅਧਿਕ ਸਾਡਾ ਪਿਆਰ ਹੋਵੇਗਾ, ਉਤਨੀ ਵਧੇਰੇ ਖਿੱਚ ਸਾਡੇ ਲਈ ਉਸ ਦੇ ਮਨ ਵਿਚ ਹੋਵੇਗੀ।

ਇਹੋ ਅਸੂਲ ਪ੍ਰਭੂ-ਪਿਆਰ ਅੰਦਰ ਲਾਗੂ ਹੁੰਦਾ ਹੈ। ਪ੍ਰਭੂ ਨਾਲ ਕੀਤੇ ਸਾਡੇ ਪਿਆਰ ਦੇ ਅਨੁਕੂਲ ਹੀ ਉਸ ਦਾ ਮੋੜਵਾਂ ਪਿਆਰ ਹੋਵੇਗਾ।

ਪਿਆਰ ਦੀ ਦੁਨੀਆ ਅੰਦਰ ਕਿਸੇ ਤਰ੍ਹਾਂ ਦੇ ਭਰਮ ਜਾਂ ਸ਼ੰਕੇ ਦੀ ਕੋਈ ਥਾਂ ਨਹੀਂ ਹੁੰਦੀ। ਪਿਆਰਾ ਜੋ ਵੀ ਕਰੇ, ਉਸ ਨੂੰ ਭਲਾ ਕਰ ਜਾਣਨਾ ਹੀ ਉਸ ਦਾ ਪਿਆਰ ਲੈਣ ਦੀ ਇਕੋ ਇਕ ਜੁਗਤਿ ਹੈ, ਜਿਸ ਦੇ ਲਈ ਆਪਾ ਮਾਰਨਾ ਪੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:

*ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ ....*

*ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥* (ਪੰਨਾ ੭੨੨)

ਇਸ ਦੇ ਲਈ 'ਭਲਾ ਜੀ ਅਤੇ ਭੁੱਲਾ ਜੀ' ਵਾਲੀ ਬਿਰਤ ਬਣਾਉਣੀ ਅਥਵਾ ਪਿਆਰ ਦੀ ਹਰ ਗੱਲ ਨੂੰ ਭਲਾ ਜੀ ਕਹਿ ਕੇ ਸਵੀਕਾਰ ਕਰਨਾ ਅਤੇ ਜੇ ਪਿਆਰੇ ਦੇ ਅਤੇ ਆਪਣੇ ਵਿਚਾਰਾਂ ਵਿਚ ਕੋਈ ਅੰਤਰ ਹੈ ਤਾਂ ਪਿਆਰੇ ਨੂੰ ਦੋਸ਼ ਨਹੀਂ ਦੇਣਾ ਬਲਕਿ ਆਪਣੇ ਦੋਸ਼ ਮੰਨਦੇ ਹੋਏ ਭਲਾ ਜੀ ਕਹਿਣਾ, ਦੀ ਵਾਦੀ ਪਾਉਣੀ ਇਸ ਨੂੰ ਕਹਿੰਦੇ ਹਨ 'ਆਪ ਗਵਾਉਣਾ ਜਾਂ ਆਪਾ ਮਾਰਨਾ'। ਇਹ ਆਪਾ ਮਾਰਨਾ ਕੀ ਹੈ? ਇਹ ਹੈ ਮਨੁੱਖ ਦਾ ਆਪਣਾ ਮਨ ਅਤੇ ਮਨ ਮਾਰਨ ਦਾ ਭਾਵ ਹੈ, ਆਪਣੇ ਮਨ ਉੱਪਰ ਵਸੀਕਾਰ (Control)। ਗੁਰਬਾਣੀ ਫੁਰਮਾਉਂਦੀ ਹੈ ਮਨ ਜਿੱਤ ਲਿਆ ਤਾਂ ਜੱਗ ਜਿੱਤ ਲਿਆ:

*ਮਨਿ ਜੀਤੈ ਜਗੁ ਜੀਤੁ॥* (ਪੰਨਾ ੬)

ਸੋ ਪਿਆਰ ਦੀ ਦੁਨੀਆਂ ਵਿਚ ਪਿਆਰੇ ਦੇ ਸਨਮੁਖ ਭਲਾ ਜੀ ਤੇ ਭੁੱਲਾ ਜੀ ਦੀ ਪਕਾਈ ਮੁਹਾਰਨੀ ਹੀ ਪਿਆਰੇ ਦਾ ਪਿਆਰ ਜਿੱਤ ਲੈਣ ਦਾ ਸਾਧਨ ਹੈ।

ਪਰ ਭਲਾ ਜੀ ਅਤੇ ਭੁੱਲਾ ਜੀ ਵਾਲੀ ਬਿਰਤੀ ਬਣਾਉਣ ਲਈ :

*ਹਮ ਨਹੀ ਚੰਗੇ ਬੁਰਾ ਨਹੀ ਕੋਇ॥* (ਪੰਨਾ ੭੨੮)

*ਹਮ ਕਿਛੁ ਨਾਹੀ ਏਕੈ ਓਹੀ॥ ਆਪੇ ਪਾਧੈ ਏਕੋ ਸੋਈ॥* (ਪੰਨਾ ੩੯੧)

ਦਾ ਸਬਕ ਪਕਾਉਣਾ ਪੈਂਦਾ ਹੈ ਜੋ ਕੇਵਲ ਨਿਮਰਤਾ ਧਾਰਨ ਨਾਲ ਹੀ ਪੱਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨੀਵਾਂ ਹੋ ਵਿਚਰਨ ਨੂੰ 'ਗੁਣ ਚੰਗਿਆਈਆ ਤਤੁ' ਅਥਵਾ ਸਾਰੀਆਂ ਚੰਗਿਆਈਆਂ ਦਾ ਨਿਚੋੜ (Essence) ਦੱਸਿਆ ਹੈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ

ਸਨਿਮਰ ਹੋ ਵਰਤਣ ਜਾਂ ਮਨ ਦੀ ਗਰੀਬੀ, ਜਿਸ ਨੂੰ ਧਾਰ ਕੇ ਸਭ ਕਿਸੇ ਦੀ ਚਰਨ ਧੂੜਿ ਹੋ ਵਿਚਰਿਆ ਜਾਂਦਾ ਹੈ, ਨੂੰ ਹੀ ਅਜਿਹਾ ਸ਼ਸਤਰ ਮੰਨਿਆ ਹੈ, ਜਿਸ ਦੇ ਸਾਹਮਣੇ ਮੰਦਾ ਚਿਤਵਨ ਵਾਲਾ ਕੋਈ ਮਨੁੱਖ ਨਹੀਂ ਠਹਿਰ ਸਕਦਾ। ਆਪ ਦਾ ਫ਼ੁਰਮਾਨ ਇਉਂ ਹੈ:

*ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥*

*ਇਸੁ ਆਗੈ ਕੋ ਨ ਟਿਕੈ ਵੇਕਾਰੀ॥* (ਪੰਨਾ ੬੨੮)

ਗੁਰਮਤਿ ਅੰਦਰ ਅਜਿਹੀ ਸੁਰਤੀ ਬਣਾ ਲੈਣ ਨੂੰ ਜੀਵਤ ਮਰਨਾ ਅਥਵਾ ਜੀਉਂਦੇ ਹੀ ਮੋਇਆਂ ਸਮਾਨ ਹੋ ਜਾਣਾ ਕਿਹਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗ ਦੇ ਇਕ ਸ਼ਬਦ ਅੰਦਰ ਜੀਉਂਦੇ ਮਰਨ ਦੀ ਜੁਗਤੀ ਇਉਂ ਵੀ ਸਮਝਾਈ ਹੈ:

*ਆਪੁ ਤਿਆਗਿ ਹੋਈਐ ਸਭ ਰੇਣਾ ਜੀਵਦਿਆ ਇਉ ਮਰੀਐ॥* (ਪੰਨਾ ੭੫੦)

ਇਕ ਹੋਰ ਸ਼ਬਦ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ-ਸਾਗਰ ਨੂੰ ਤਰ ਨਿਕਲਣਾ ਅਥਵਾ ਸੰਸਾਰ ਤੋਂ ਪੂਰੇ ਤੌਰ ਪਤ-ਆਬਰੂ ਨਾਲ ਜਾਣਾ ਉਤਨੇ ਤੱਕ ਸੰਭਵ ਨਹੀਂ ਸਮਝਦੇ, ਜਦੋਂ ਤਾਈਂ ਮਨੁੱਖ ਜੀਉਂਦੇ ਮਰਨ ਦੇ ਵਿਸ਼ਵਾਸ ਨੂੰ ਦ੍ਰਿੜ੍ਹ ਨਹੀਂ ਕਰਦਾ:

*ਕਿਨ ਬਿਧਿ ਸਾਗਰੁ ਤਰੀਐ॥ ਜੀਵਦਿਆ ਨਹ ਮਰੀਐ॥* (ਪੰਨਾ ੮੭੭)

ਅਤੇ ਸ਼ਬਦ ਦੇ ਅੰਤ ਵਿਚ 'ਆਸਾ ਭੀਤਰਿ ਰਹੈ ਨਿਰਾਸਾ' ਦਾ ਰਸਤਾ ਦੱਸਦੇ ਹੋਏ ਫ਼ੁਰਮਾਉਂਦੇ ਹਨ:

*ਇਨ ਬਿਧਿ ਸਾਗਰੁ ਤਰੀਐ॥ ਜੀਵਦਿਆ ਇਉ ਮਰੀਐ॥* (ਪੰਨਾ ੮੭੭)

ਪ੍ਰੰਤੂ 'ਆਸਾ ਭੀਤਰਿ ਰਹੈ ਨਿਰਾਸਾ' ਦੀ ਜੁਗਤਿ ਵੱਡੀ ਨਿਆਰੀ ਹੈ ਅਤੇ ਕਠਿਨ ਘਾਲਣਾ ਮੰਗਦੀ ਹੈ। ਮਨੁੱਖ ਆਸ ਦੇ ਸਿਰ 'ਤੇ ਜੀਉਂਦਾ ਹੈ। ਉਸ ਵਲੋਂ ਕੀਤਾ ਜਾਂਦਾ ਹਰ ਕੰਮ ਇਸ ਵਿਚ ਸਫਲ ਹੋਣ ਦੀ ਆਸ ਧਾਰ ਕੇ ਹੀ ਹੁੰਦਾ ਹੈ। ਮਜ਼ਦੂਰ ਮਜ਼ਦੂਰੀ ਮਿਲਣ ਦੀ ਆਸ ਰੱਖਦਾ ਹੈ, ਕਿਸਾਨ ਅਨਾਜ ਦੇ ਭੰਡਾਰ ਭਰਨ ਦੀ, ਪਾਂਧੀ ਨੂੰ ਕਿਸੇ ਟਿਕਾਣੇ ਪੁੱਜਣ ਦੀ, ਪੜ੍ਹਨ ਵਾਲਾ ਬੱਚਾ ਇਮਤਿਹਾਨ ਵਿਚ ਪਾਸ ਹੋ ਜਾਣ ਦੀ, ਵਪਾਰੀ ਲਾਭ ਖੱਟਣ ਦੀ, ਰੋਗੀ ਰੋਗ ਦੇ ਨਿਵਿਰਤ ਹੋ ਜਾਣ ਦੀ। ਗੱਲ ਕੀ, ਹਰ ਕਿਸੇ ਨੂੰ ਕੋਈ ਆਸ ਹੁੰਦੀ ਤਾਂ ਹੀ ਉਹ ਕੁਝ ਕਰਦਾ ਹੈ। ਭਾਵੇਂ ਇਹ ਜ਼ਰੂਰੀ ਨਹੀਂ ਹੁੰਦਾ ਕਿ ਆਸ ਪੂਰੀ ਹੋ ਜਾਵੇ ਪਰ ਫਿਰ ਵੀ ਉਹ ਇਸ ਦੇ ਪੂਰੇ ਹੋਣ ਦੀ ਆਸ ਜ਼ਰੂਰ ਰੱਖਦਾ ਹੁੰਦਾ ਹੈ, ਤਾਂ ਹੀ ਉਹ ਆਪਣਾ ਵਿਹਾਰ ਕਰਦਾ ਹੈ ਅਤੇ ਜੇ ਉਸ ਦੀ ਆਸ ਪੂਰੀ ਨਹੀਂ ਹੁੰਦੀ ਤਾਂ ਉਹ ਇਸ ਦਾ ਦੁੱਖ ਮਨਾਉਂਦਾ ਹੈ ਪਰ ਸਤਿਗੁਰੂ ਪਾਤਸ਼ਾਹ ਤਾਂ ਫ਼ੁਰਮਾਉਂਦੇ ਹਨ:

*ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥*

*ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥* (ਪੰਨਾ ੨੧੯)

ਦੁੱਖ ਤੇ ਸੁਖ ਅਤੇ ਗ਼ਮੀ ਖੁਸ਼ੀ ਨੂੰ ਸਮਾਨ ਮੰਨ ਲੈਣ ਦੀ ਅਵਸਥਾ ਅਤਿ ਕਠਿਨ ਹੈ ਪਰ ਕਿਸੇ ਗੱਲ ਦਾ ਵਾਰ-ਵਾਰ ਕੀਤਾ ਅਭਿਆਸ ਕਠਿਨ ਨੂੰ ਸਹਜ ਬਣਾ ਦਿਆ ਕਰਦਾ ਹੈ। ਜਿਸ ਗੱਲ ਦਾ ਅਸੀਂ ਨਿਤਾਪ੍ਰਤਿ ਅਭਿਆਸ ਕਰਨਾ ਸ਼ੁਰੂ ਕਰ ਦੇਈਏ, ਸਮਾਂ ਪਾ ਕੇ ਉਹ ਸਾਡਾ ਸੁਭਾਉ ਬਣ ਜਾਂਦਾ ਹੈ ਅਤੇ ਫਿਰ ਸਾਡੇ ਪਾਸੋਂ ਅਜਿਹਾ ਸਹਿਜੇ ਹੀ ਹੋਣ ਲੱਗ ਜਾਂਦਾ ਹੈ।

ਇਸ ਕਿਸਮ ਦਾ ਸੁਭਾਉ ਬਣਾ ਲੈਣ ਦਾ ਸੋਖਾ ਢੰਗ ਵੀ ਗੁਰੂ ਜੀ ਇਉਂ ਸਮਝਾਉਂਦੇ ਹਨ:

*ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥* (ਪੰਨਾ ੪੯੬)

ਅਥਵਾ ਜਿਸ ਗੱਲ ਦਾ ਹੋਣਾ ਬਿਧਾਤੇ ਨੇ ਸਾਡੇ ਲਈ ਪਹਿਲੋਂ ਅੰਕਤ ਕਰ ਰੱਖਿਆ ਹੋਇਆ ਹੈ (ਜਿਸ ਨੂੰ ਭਾਗ ਕਹਿੰਦੇ ਹਨ) ਉਹ ਕਦੀ ਟਲ ਨਹੀਂ ਸਕਦੀ, ਉਸ ਨੇ ਵਾਪਰਨਾ ਹੀ ਵਾਪਰਨਾ ਹੁੰਦਾ ਹੈ। ਜੇ ਅਸੀਂ ਉਸ 'ਤੇ ਰੋਵਾਂ ਪਿੱਟਾਂਗੇ ਤਾਂ ਵੀ ਉਸ ਨੇ ਹੋ ਜਾਣਾ ਹੈ। ਭਗਤ ਕਬੀਰ ਜੀ ਦਾ ਬਚਨ ਹੈ:

*ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥*
*ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥* (ਪੰਨਾ ੩੩੭)

ਜੇ ਇਸ ਗੱਲ ਦੀ ਸਾਨੂੰ ਦ੍ਰਿੜ੍ਹਤਾ ਹੋ ਜਾਵੇ ਅਤੇ ਅਸੀਂ ਮੰਨ ਲਈਏ ਕਿ ਸਾਡਾ ਰੋਣਾ ਕੁਝ ਸੰਵਾਰ ਨਹੀਂ ਸਕਦਾ (ਭਾਵੇਂ ਕਿਸੇ ਬਿਪਤਾ ਤੋਂ ਬਚਣ ਲਈ ਜਤਨ ਕਰਨਾ ਜਾਇਜ਼ ਹੈ ਅਤੇ ਜ਼ਰੂਰੀ ਭੀ ਹੈ) ਪ੍ਰੰਤੂ ਕੀਤੇ ਜਤਨ ਸਫਲ ਜਾਂ ਅਸਫਲ ਹੋਵੇ, ਸਾਡੇ ਵੱਸ ਦੀ ਗੱਲ ਨਹੀਂ। ਇਹ ਕਰਤਾ ਪੁਰਖ ਦੀ ਖੇਡ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜੇ ਅਸੀਂ ਸਫਲ ਨਹੀਂ ਹੋਏ ਤਾਂ ਕੀ ਕਰਤਾ ਪੁਰਖ ਨੇ ਸਾਡੇ ਨਾਲ ਅਨਿਆਏ ਜਾਂ ਧੱਕਾ ਕੀਤਾ ਹੈ? ਇਸ ਦਾ ਜਵਾਬ ਗੁਰੂ ਜੀ ਇਉਂ ਦੇਂਦੇ ਹਨ:

*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥* (ਪੰਨਾ ੪੩੩)
*ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ॥* (ਪੰਨਾ ੨੪੭)

ਸਾਡੇ ਨਾਲ ਜੋ ਵਾਪਰਿਆ ਜਾਂ ਵਾਪਰਦਾ ਹੈ ਉਹ ਸਾਡੇ ਹੀ ਕਿਸੇ ਪਹਿਲੋਂ ਕੀਤੇ ਕੰਮ (ਜਿਸ ਦੀ ਸਾਨੂੰ ਯਾਦ ਨਹੀਂ) ਦਾ ਨਤੀਜਾ ਹੈ:

*ਜੈਸਾ ਬੀਜੈ ਸੋ ਲੁਣੈ...॥* (ਪੰਨਾ ੭੦੬)

ਕਿਉਂਕਿ ਇਹ ਦੁਨੀਆਂ 'ਕਰਮਾ ਸੰਦੜਾ ਖੇਤੁ' ਹੈ। ਜੈਸਾ ਕੰਮ ਕਿਸੇ ਕੀਤਾ ਹੋਇਆ ਹੈ, ਉਸ ਦਾ ਫਲ ਉਸ ਨੂੰ ਮਿਲਣਾ ਹੈ। ਇਸ ਦਾ ਦੋਸ਼ ਕਰਤਾ ਪੁਰਖ ਨੂੰ ਦੇਣਾ ਨਹੀਂ ਬਣਦਾ, ਕਿਉਂਕਿ ਆਪਣੀ ਜਾਤ ਵਿਚ ਉਹ ਨਿਰਵੈਰ ਹੈ, ਉਸ ਦਾ ਕਿਸੇ ਨਾਲ ਵੈਰ ਨਹੀਂ। ਵੈਰ ਹਮੇਸ਼ਾਂ ਬਰਾਬਰ ਦੇ ਪ੍ਰਾਣੀ ਨਾਲ ਹੁੰਦਾ ਹੈ, ਜਦੋਂ ਉਸ ਦੇ ਬਰਾਬਰ ਦਾ ਕੋਈ ਹੈ ਨਹੀਂ ਫਿਰ ਉਸ ਨੂੰ ਅਸੀਂ ਮਾਤਾ ਪਿਤਾ ਦੀ ਥਾਂ ਦੇਂਦੇ ਹਾਂ:

*ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥* (ਪੰਨਾ ੧੦੩)

ਕੋਈ ਮਾਂ ਜਾਂ ਪਿਓ ਆਪਣੇ ਪੁੱਤਰਾਂ ਦਾ ਬੁਰਾ ਨਹੀਂ ਮੰਨਿਆ ਕਰਦਾ ਤਾਂ ਕਰਤਾ ਪੁਰਖ ਜਿਸ ਬਾਰੇ ਕਿਹਾ ਹੈ:

*ਤੇਰੈ ਘਰਿ ਸਦਾ ਸਦਾ ਹੈ ਨਿਆਉ॥* (ਪੰਨਾ ੩੭੬)

ਆਪਣੇ ਪੁੱਤਰ ਦਾ ਬੁਰਾ ਕਿਵੇਂ ਕਰ ਸਕਦਾ ਹੈ?

*ਆਸਾ ਭੀਤਰਿ ਰਹੈ ਨਿਰਾਸਾ ...॥* (ਪੰਨਾ ੮੭੭)

ਬਾਰੇ ਵਿਚਾਰ ਕਰ ਰਹੇ ਸੀ, ਉਕਤ ਸਾਰੇ ਕਥਨ ਦਾ ਭਾਵ ਇਹੋ ਪ੍ਰਤੀਤ ਹੁੰਦਾ ਹੈ ਕਿ ਜਿਸ ਗੱਲ ਦੀ ਪ੍ਰਾਪਤੀ ਦੀ ਅਸੀਂ ਆਸ ਲਾਉਂਦੇ ਹਾਂ, ਉਸ ਦੇ ਲਈ ਸਾਨੂੰ ਹਰ ਸੁਚੱਜਾ ਜਤਨ ਮਨ-ਤਨ ਲਗਾ ਕੇ ਕਰਨਾ ਚਾਹੀਦਾ ਹੈ ਪ੍ਰੰਤੂ ਜੇ ਐਸਾ ਕੁਝ ਕਰ ਕੇ ਵੀ ਸਾਡੀ ਆਸ ਪੂਰੀ ਨਹੀਂ ਹੋਈ ਤਾਂ ਉਸ 'ਤੇ ਰੋਸ ਕਰਨਾ ਜਾਂ ਉਸ ਦਾ ਦੁੱਖ ਮਨਾਉਣਾ ਵਾਜਬ ਨਹੀਂ, ਸਗੋਂ ਇਹੋ ਸਮਝਣਾ ਚਾਹੀਦਾ ਹੈ ਕਿ ਸਾਡੇ ਜਤਨ ਵਿਚ ਕੋਈ ਕਮੀ ਰਹਿ ਗਈ ਹੈ, ਜਿਸ

ਲਈ ਅਸੀਂ ਸਫਲ ਨਹੀਂ ਹੋਏ ਜਾਂ ਕਿਸੇ ਅਣਪਛਾਤੇ ਸਾਡੀ ਮੰਦੇ ਕੰਮ ਦਾ ਨਤੀਜਾ ਹੀ ਸਾਡੀ ਅਸਫਲਤਾ ਹੈ।

ਇਸ ਬਾਰੇ ਇਕ ਹੋਰ ਯਾਦ ਰੱਖਣ ਵਾਲੀ ਗੱਲ ਇਸ ਗੁਰ ਫੁਰਮਾਨ ਦੀ ਹੈ ਕਿ:

*ਜਬ ਆਸਾ ਅੰਦੇਸਾ ਤਬ ਹੀ...॥* (ਪੰਨਾ ੮੭੭)

ਅਥਵਾ ਹਰ ਆਸਾ ਦੇ ਨਾਲ ਇਸ ਦੇ ਸਫਲ ਹੋਣ ਦਾ ਫ਼ਿਕਰ (ਡਰ) ਭੀ ਹੁੰਦਾ ਹੈ। ਇਸ ਲਈ ਆਸ ਰੱਖਦੇ ਹੋਏ ਵੀ ਉਸ ਦੇ ਅਸਫਲ ਹੋ ਜਾਣ ਦੀ ਨਿਰਾਸਤਾ ਨੂੰ ਭੁੱਲਣਾ ਨਹੀਂ ਚਾਹੀਦਾ। ਇਹੋ ਭਾਵ ਹੈ ਗੁਰੂ ਜੀ ਦੇ 'ਆਸਾ ਭੀਤਰਿ ਰਹੈ ਨਿਰਾਸਾ' ਦਾ। ਅਜਿਹੀ ਹਾਲਤ ਵਿਚ ਵਾਹਿਗੁਰੂ ਦੇ ਅਬਦਲ ਅਤੇ ਸਦਾ ਸਤਿ ਬੰਧਾਨ (ਨਿਯਮਾਂ) 'ਤੇ ਕਿੰਤੂ ਕਰਨਾ ਜਾਂ ਇਸ ਦੇ ਵਰਤਣ 'ਤੇ ਰੋਣਾ ਤੇ ਦੁੱਖ ਮਨਾਉਣਾ ਯੋਗ ਨਹੀਂ। ਉਸ ਦਾ ਹਰ ਫੇਹਲ ਤਥਾ ਵਰਤਿਆ ਹੁਕਮ ਨਿਆਇ ਭਰਪੂਰ ਹੁੰਦਾ ਹੈ, ਇਸ ਨੂੰ ਖਿੜੇ-ਮੱਥੇ ਮੰਨਣ ਵਾਲਾ ਸੁਭਾਓ ਬਣਾਉਣਾ ਚਾਹੀਦਾ ਹੈ, ਇਹੋ ਅਰਥ ਹੀ 'ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ' ਅਤੇ 'ਹੁਕਮਿ ਰਜਾਈ ਚਲਣਾ' ਦਾ ਹੈ।

ਜਿਸ ਕਿਸੇ ਦਾ ਵਿਸ਼ਵਾਸ ਰਜ਼ਾ ਵਿਚ ਰਾਜ਼ੀ ਰਹਿਣਾ ਅਥਵਾ ਜੋ ਵਾਹਿਗੁਰੂ ਵਲੋਂ ਵਰਤਦਾ ਹੈ ਉਹੋ ਹੀ ਭਲਾ ਹੈ, ਵਾਲਾ ਬਣ ਜਾਵੇ ਅਤੇ ਜਿਸ ਨੂੰ ਇਹ ਨਿਸਚਾ ਹੋ ਜਾਵੇ ਕਿ:

*ਜੋ ਕਿਛੁ ਅਹੈ ਸਭ ਤੇਰੀ ਰਜਾਇ॥* (ਪੰਨਾ ੧੧੨੫)

ਤੁਸਾਂ ਨੂੰ ਦੁੱਖ ਸੁਖ ਮੇਲ ਵਿਛੋੜਾ ਨਹੀਂ ਪੋਂਹਦੇ। 'ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ' ਦੀ ਅਵਸਥਾ ਬਣ ਜਾਂਦੀ ਹੈ ਬਲਕਿ ਉਨ੍ਹਾਂ ਦਾ ਇਹ ਵਿਸ਼ਵਾਸ 'ਤੂ ਜਨ ਕੈ ਹੈ ਸੰਗਿ' ਏਨਾ ਦ੍ਰਿੜ ਹੋ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਹਮੇਸ਼ਾਂ ਪ੍ਰਭੂ-ਪਤੀ ਦੀ ਹਜ਼ੂਰੀ ਵਿਚ ਦੇਖਦੇ ਹਨ ਅਤੇ ਉਨ੍ਹਾਂ ਨੂੰ ਫਿਰ 'ਆਗੈ ਪਾਛੈ ਏਕੋ ਸੋਈ' ਵਾਸਤਵ ਵਿਚ ਪ੍ਰਤੀਤ ਹੁੰਦਾ ਹੈ ਅਤੇ ਉਨ੍ਹਾਂ ਉੱਪਰ 'ਏਕਲੜੀ ਬਨ ਮਾਹੇ' ਵਾਲੀ ਅਵਸਥਾ ਫਿਰ ਆਉਂਦੀ ਹੀ ਨਹੀਂ ਅਤੇ ਉਹ ਫਿਰ ਸਦਾ ਗਾਉਂਦੀਆਂ ਹਨ:

*ਮੋਹਨ ਰੂਪੁ ਦਿਖਾਵੈ॥ ਅਬ ਮੋਹਿ ਨੀਦ ਸੁਹਾਵੈ॥*
*ਸਭ ਮੇਰੀ ਤਿਖਾ ਬੁਝਾਨੀ॥ ਅਬ ਮੈ ਸਹਜਿ ਸਮਾਨੀ॥*
*ਮੀਠੀ ਪਿਰਹਿ ਕਹਾਨੀ॥ ਮੋਹਨੁ ਲਾਲਨੁ ਪਾਇਓ ਰੀ॥* (ਪੰਨਾ ੮੩੦)

*ਧੰਨਵਾਦ ਸਹਿਤ,*
*ਗੁਰੂ ਨਾਨਕ ਦੇਵ ਮਿਸ਼ਨ,*
*ਪਟਿਆਲਾ।*